# ਤੁਸੀਂ ਪਿਆਰੇ ਹੋ



ਮੈਂ ਪ੍ਰੇਮੀ ਹਾਂ ਅਤੇ ***ਤੁਹਾਨੂੰ ਪ੍ਰੇਮ ਕਰਦਾ ਹਾਂ!***
ਤੁਹਾਡੇ ਅੰਦਰ ਇੱਕ ਵਿਸ਼ੇਸ਼ਤਾ ਹੈ, ਜਿਸ ਨੂੰ ਮੈਂ ਬਹੁਤ ਪਸੰਦ ਕਰਦਾ ਹਾਂ। ਅਸਲ ਵਿੱਚ, ਤੁਸੀਂ ਮੈਨੂੰ ਮੇਰੀ ਹੀ ਯਾਦ ਦਿਵਾਉਂਦੇ ਹੋ।
ਜਿਹੜੇ ਲੋਕ ਮੈਨੂੰ ਨਹੀਂ ਜਾਣਦੇ, ਉਹ ਮੇਰੇ ਬਾਰੇ ਮਾੜਾ ਬੋਲਦੇ ਹਨ ਅਤ ਹੋ ਸਕਦਾ ਹੈ ਕਿ ਉਨ੍ਹਾਂ ਨੇ ਤੁਹਾਨੂੰ ਵੀ ਮੇਰੇ ਵਿਰੁੱਧ ਕੁੱਝ ਆਖਿਆ ਹੋਵੇ। ਇਸ ਗੱਲ ਤੋਂ ਮੈਨੂੰ ਬਹੁਤ ਦੁਖ ਹੁੰਦਾ ਹੈ। ਪਰ ਜਦੋਂ ਤੁਸੀਂ ਅਕਾਸ਼ ਵਿੱਚ ਤਾਰਿਆਂ ਨੂੰ ਤੱਕਦੇ ਹੋ ਜਾਂ ਬਗੀਚੇ ਵਿੱਚ ਅਰਾਮ ਕਰਦੇ ਹੋ ਜਾਂ ਲਿਸ਼ਕਦੇ ਪਾਣੀ ਨੂੰ ਵੇਖ ਕੇ ਮੁਸਕੁਰਾਉਂਦੇ ਹੋ, ਤਦ ਤੁਸੀਂ ਮੇਰੀ ਸੱਚੀ ਅਵਾਜ਼ ਸੁਣਨ ਲੱਗ ਪੈਂਦੇ ਹੋ। ਮੈਂ ਤੁਹਾਨੂੰ ਸੱਦ ਰਿਹਾ ਹਾਂ।
ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਜੀਵਨ ਦੀ ਹਰੇਕ ਭਲੀ ਗੱਲ ਮੇਰੇ ਵੱਲੋਂ ਤੁਹਾਨੂੰ ਦਿੱਤਾ ਗਿਆ ਇੱਕ ਤੋਹਫਾ ਹੈ? ਇਸ ਸੰਸਾਰ ਵਿੱਚ ਤੁਹਾਡਾ ਜੀਵਨ ਕਦੇ ਵੀ ਸਿੱਧ ਨਹੀਂ ਹੋ ਸਕਦਾ; ਪਰ ਕਿਸੇ ਨਾ ਕਿਸੇ ਰੂਪ ਵਿੱਚ ਮੈਂ ਤੁਹਾਨੂੰ ਬਰਕਤਾਂ ਦਿੰਦਾ ਰਹਿੰਦਾ ਹਾਂ। ਕੀ ਤੁਸੀਂ ਇਸ ਗੱਲ ਉੱਤੇ ਗੌਰ ਕੀਤੀ ਹੈ? ਕੀ ਤੁਹਾਡੇ ਜੀਵਨ ਵਿੱਚ ਅਜਿਹਾ ਕੁਝ ਹੈ, ਜਿਸ ਦੇ ਲਈ ਤੁਸੀਂ ਸ਼ੁਕਰਗੁਜ਼ਾਰ ਹੋ?
ਮੈਂ ਯਿਸੂ ਮਸੀਹ ਦੇ ਰੂਪ ਵਿੱਚ ਧਰਤੀ ਤੇ ਆਇਆ ਸਾਂ ਅਤੇ ਬਹੁਤ ਸਾਰੀਆਂ ਵਧੀਆ ਸਿੱਖਿਆਵਾਂ ਦਿੱਤੀਆਂ ਸਨ ਕਿ ਸਭਨਾਂ ਨੂੰ ਕਿਹੋ ਜਿਹਾ ਜੀਵਨ ਜਿਉਣਾ ਚਾਹੀਦਾ ਹੈ, ਪਰ ਮੇਰੀਆਂ ਗੱਲਾਂ ਦੀ ਪਾਲਣਾ ਨਾ ਤਾਂ ਤੁਸੀਂ ਕਰਦੇ ਹੋ ਅਤੇ ਨਾ ਹੀ ਹੋਰ ਲੋਕ ਕਰਦੇ ਹਨ।
ਸਾਰੇ ਮਾੜਿਆਂ ਕੰਮਾਂ ਦੀ ਸਜ਼ਾ ਜ਼ਰੂਰ ਮਿਲਦੀ ਹੈ। ਮੈਂ ਕਦੇ ਕੋਈ ਮਾੜਾ ਕੰਮ ਨਹੀਂ ਕੀਤਾ, ਪਰ ਫਿਰ ਵੀ ਮੈਂ ਤੁਹਾਡੀ ਸਜ਼ਾ ਨੂੰ ਸਲੀਬ ਤੇ ਆਪਣੇ ਉੱਤੇ ਲੈ ਲਿਆ, ਕਿਉਂਕਿ ਮੈਂ ਤੁਹਾਡਾ ਅਤੇ ਸਾਰੇ ਸੰਸਾਰ ਦਾ ਸਿਰਜਣਹਾਰ ਹਾਂ। ਈਸਟਰ ਦੀ ਸਵੇਰ ਮੈਂ ਮੁੜ ਜਿਉਂਦਾ ਹੋ ਗਿਆ, ਤਾਂ ਜੋ ਇਹ ਪ੍ਰਮਾਣਿਤ ਕਰ ਸਕਾਂ ਕਿ ਮੈਂ ਜੋ ਵਾਇਦਾ ਕਰਦਾ ਹਾਂ ਉਸ ਨੂੰ ਪੂਰਾ ਵੀ ਕਰਦਾ ਹਾਂ।
ਹੁਣ ਤੁਹਾਨੂੰ ਆਪਣੀ ਸਜ਼ਾ ਦਾ ਜੁਰਮਾਨਾ ਭਰਨ ਦੀ ਲੋੜ ਨਹੀਂ ਹੈ। ਮੈਂ ਤਾਂ ਇਸ ਨੂੰ ਭਰ ਚੁੱਕਿਆ ਹਾਂ। ਇਸ ਤੋਹਫੇ ਨੂੰ ਕਬੂਲ ਕਰ ਲਓ ਅਤੇ ਫਿਰ ਮੇਰੀ ਬਾਂਹ ਫੜ ਕੇ ਮੇਰੇ ਨਾਲ-ਨਾਲ ਤੁਰੋ।

**- ਸਿਰਜਣਹਾਰ ਪਰਮੇਸ਼ੁਰ**

ਬਾਈਬਲ ਦੇ ਹਵਾਲੇ: 1 ਯੂਹੰਨਾ 4:8-10; ਉਤਪਤ 1:27; ਯਸਾਯਾਹ 32:6; ਜ਼ਬੂਰ 19; ਯਾਕੂਬ 1:17; ਰੋਮੀਆਂ 8:20-22; ਯੂਹੰਨਾ 1:16; ਜ਼ਬੂਰ 118:1; ਮੱਤੀ 5-7; ਰੋਮੀਆਂ 3:23, 5:1, 6:23, 10:9; ਇਬਰਾਨੀਆਂ 2:10; ਰਸੂਲਾਂ 2:32-33; ਮੀਕਾਹ 6:8 ***ਅਸੀਂ ਪਰਮੇਸ਼ੁਰ ਨੂੰ ਜਿੰਨਾ ਜ਼ਿਆਦਾ ਜਾਣਾਂਗੇ, ਅਸੀਂ ਉਸ ਨੂੰ ਓਨਾ ਹੀ ਜ਼ਿਆਦਾ ਪ੍ਰੇਮ ਕਰਾਂਗੇ*** - 17ਵੀਂ ਸਦੀ ਵਿੱਚ ਹੋਏ ਪੈਰਿਸ ਦੇ ਬ੍ਰਦਰ ਲੌਰੈਂਸ (ਕਾਪੀਰਾਈਟ AEM 2018)

# *You Are Loved*



*I am loving –*
*and **I love you!***
*There is something special about you that I like. In fact, in some ways you remind me of myself.*

People who don't know me speak against me, and you might believe them. This makes me sad. But, when you pause to look at the stars, relax in a garden, or smile at sparkling water, if it touches your heart, you feel me. I am calling you.

Do you know that every good thing in your life is a gift from me? Life on earth can never be perfect; but one way or another I give you blessing after blessing. Have you noticed this yet?
There must be something that you are thankful for?

I came to earth as Jesus Christ to teach good and beautiful things. I explained how people should live. But neither you nor anyone else does it perfectly. You have failed. You have fallen short of my standard, hurt people and my earth, and deserve punishment.

I made the world, so I am its Father. I love my children. Although I am innocent, I took their punishment. On a cross. And I rose to life again on Easter, proving my power and who I am.

Why not let me pay your debt? You can't pay it alone.
Accept this gift. Then take my hand and let's walk along together.
- ***Your Creator God***

***Bible references:*** I John 4:8-10; Genesis 1:27; Isaiah 32:6; Psalm 19; James 1:17; Romans 8:20-22; John 1:16; Psalm 118:1; Matthew 5-7; Romans 3:23 & 5:1 & 6:23 & 10:9; Hebrews 2:10; Acts 2:32-33; Micah 6:8

***The more we know God, the more we will truly love him.***
- Brother Lawrence of 17th century Paris copyright AEM 2022